J-3/2041

115/A

LANGUAGE-PAPER IN PUNJABI

PAPER-7

ਸਮਾਂ -3ਘੰਟੇ

ਕੁਲ ਅੰਕ-50

1. 'ਰਾਸ' ਲੀਲ੍ਹਾ ਕਹਾਣੀ ਦਾ ਸਾਰ ਲਿਖੋ?

ਜਾਂ

'ਖੱਬਲ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ? 10

2. 'ਸੰਤ ਸਿੰਘ ਸੇਖੋਂ' ਕਹਾਣੀਕਾਰ ਨਾਲ ਜਾਣ-ਪਛਾਣ ਕਰਾਉ।

ਜਾਂ

'ਦਲੀਪ ਕੌਰ ਟਿਵਾਣਾ' ਦੀ ਪੰਜਾਬੀ ਸਾਹਿਤ ਨੂੰ ਕੀ ਦੇਣ ਹੈ? 10

3. ਕਿਸੇ ਦੋ ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

ੳ . ਸੋਹਣਾ ਦੇਸਾਂ ਅੰਦਰ ਦੇਸ ਪੰਜਾਬ ਨੀ ਸਈਓ ।
ਜਿਵੇਂ ਫੁੱਲਾਂ ਅੰਦਰ ਫੁੱਲ ਗੁਲਾਬ ਨੀ ਸਈਓ।
ਰਲ ਮਿਲ ਬਾਗੀ ਪੀਂਘਾ ਝੂਟਨ ਕੁੜੀਆਂ ਨਾਗਰ ਵੇਲਾਂ।
ਜੋਸ਼ ਜਵਾਨੀ ਠਾਠਾਂ ਮਾਰੇ ਲਿਸ਼ਕਣ ਹਾਰ ਹਮੇਲਾਂ।
ਪਹਿਨਣ ਹੀਰੇ ਮੋਤੀ ਮੁਖ ਮਹਿਤਾਬ ਨੀ ਸਈਓ।

ਅ ਪੱਧਰ ਇੱਕ ਮੈਦਾਨ ਪਰਬਤ ਘੇਰਿਆ,
ਛੋਟਾ ਪਰ ਰਮਣੀਕ, ਸੁਥਰਾ, ਸੋਹਣਾ।
ਵਿਚ ਹਿਮਾਚਲ-ਧਾਰ, ਜੋਤੋਂ ਵਿੱਥ ਤੇ,
ਲਹਿ ਲਹਿ ਸਬਜ਼ੀ ਨਾਲ ਸਾਰਾ ਕਰ ਰਿਹਾ।
ਭਾਂਤ ਭਾਂਤ ਦੇ ਬ੍ਰਿਛ, ਬੂਟੇ ਬੂਟੀਆਂ,
ਉੱਗੇ ਥਾਉਂ ਥਾਈਂ ਲਹਿਰਾਂ ਲੈ ਰਹੇ।

ੲ ਇਹ ਬੇਪਰਵਾਹ ਪੰਜਾਬ ਦੇ,
ਮੌਤ ਨੂੰ ਮਖੌਲਾਂ ਕਰਨ,
ਮਰਨ ਥੀਂ ਨਹੀਂ ਡਰਦੇ।
ਪਿਆਰ ਨਾਲ ਇਹ ਕਰਨ ਗੁਲਾਮੀ।
ਜਾਨ ਕੋਹ ਆਪਣੀ ਵਾਰ ਦਿੰਦੇ।
ਪਰ ਟੈਂ ਨਾ ਮੰਨਣ ਕਿਸੇ ਦੀ
ਖਲੋ ਜਾਣ ਡਾਗਾਂ ਮੋਢੇ ਤੇ ਉਲਾਰ ਕੇ।

ਸ ਠੀਕ ਇਹ ਮਿੱਟੀ ਦਾ ਪੁਤਲਾ ਹੀ ਸਹੀ,
ਮੰਨਿਆ ਇਸ ਦੀ ਹਕੀਕਤ ਬਹੁਤ ਨਹੀਂ।
ਇੱਕ ਸ਼ੁਅਲਾ ਪਰ ਹੈ ਇਸ ਵਿਚ ਭੜਕਦਾ,
ਸਭ ਹਕੀਕਤ ਹੈ ਇਹੋ ਮੇਰੇ ਲਈ
ਗਿੱਲ ਹੀ ' ਚੋਂ ਗੁੱਲ ਖਿੜਦੇ ਨੇ ਸਦਾ।

10

4. 'ਵੈਰੀ ਨਾਗ ਦਾ ਪਹਿਲਾ ਝਲਕਾ' ਕਵਿਤਾ ਦਾ ਵਿਸ਼ਾ-ਵਸਤੂ ਲਿਖੋ।

ਜਾਂ

ਅੰਮ੍ਰਿਤਾ ਪ੍ਰੀਤਮ ਦੇ ਜਨਮ ਅਤੇ ਸਾਹਿਤਕ ਯੋਗਦਾਨ ਉੱਪਰ ਨੋਟ ਲਿਖੋ। 10

5. ਦਸ ਮੁਹਾਵਰਿਆਂ ਅਤੇ ਅਖਾਣਾਂ ਵਿਚੋਂ ਕਿਸੇ ਪੰਜ ਦੇ ਅਰਥ ਦੇ ਕੇ ਉਨ੍ਹਾਂ ਦਾ ਵਾਕਾਂ ਵਿਚ ਪ੍ਰਯੋਗ ਕਰੋ।

1. ਉਂਗਲਾਂ 'ਤੇ ਨਚਾਉਣਾ
2. ਅਸਮਾਨ ਸਿਰ 'ਤੇ ਚੁੱਕਣਾ
3. ਇੱਟ ਨਾਲ ਇੱਟ ਖੜਕਾਉਣੀ
4. ਸਿੱਧੀਆਂ-ਪੁੱਠੀਆਂ ਮਾਰਨਾ
5. ਹੱਥਾਂ ਉੱਤੇ ਸਰੋਂ ਜਮਾਉਣੀ
6. ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ
7. ਇਕ ਪਾਸੇ ਖੂਹ ਅਤੇ ਦੂਜੇ ਪਾਸੇ ਖਾਤਾ
8. ਹੰਕਾਰ ਦਾ ਸਿਰ ਨੀਵਾਂ ਹੁੰਦਾ ਹੈ
9. ਕੌਣ ਕਹੇ ਰਾਣੀ ਅੱਗਾ ਢੱਕ
10. ਗੂੰਗੇ ਦੀ ਬੋਲੀ ਗੂੰਗੇ ਦੀ ਮਾਂ ਜਾਣੇ

5*2=10